# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ 92836 - 876
ਮਿਤੀ,ਚੰਡੀਗੜ੍ਹ 5-12-2011

ਵਿਸ਼ਾ :- **Essay Competition on Parliamentary Democracy Gate way to Good Governance .**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਮੇਂ ਸਮੇਂ ਤੇ ਵਿਦਿਆਰਥੀਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਆਲੇ-ਦੁਆਲੇ ਗਿਆਨ ਅਤੇ ਸੂਝ ਨੂੰ ਵਧਾਉਣ ਲਈ ਲੇਖ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਕੜੀ ਦੀ ਲਗਾਤਾਰਤਾ ਵਿੱਚ ਪਾਰਲੀਮੈਂਟ ਆਫ਼ ਇੰਡੀਆ, ਲੋਕ ਸਭਾ ਸਕੱਤਰੇਤ, ਪਾਰਲੀਮੈਂਟ ਹਾਊਸ, ਨਵੀਂ ਦਿੱਲੀ ਵੱਲੋਂ ਨੌਵੀਂ ਤੋਂ ਬਾਰ੍ਹਵੀ ਜਮਾਤਾਂ ਤੱਕ ਦੇ ਵਿਦਿਆਰਥੀਆਂ ਲਈ **Parliament Democracy : Gate way to Good Governance** ਵਿਸ਼ੇ ਤੇ ਲੇਖ ਮੁਕਾਬਲਾ ਕਰਵਾਇਆ ਜਾ ਰਿਹਾ ਹੈ।

2.1 ਇਹ ਮੁਕਾਬਲਾ, ਦੇਸ ਭਰ ਦੇ ਸਾਰੇ ਰਾਜਾਂ/ਕੇਂਦਰੀ ਪ੍ਰਸ਼ਾਸਿਤ ਰਾਜਾਂ ਦੇ ਵਿਦਿਆਰਥੀਆਂ ਵਿੱਚ ਹੋਵੇਗਾ।

2.2 ਇਹ ਮੁਕਾਬਲਾ ਸਿੱਧੇ ਹੀ ਰਾਜ ਪੱਧਰ ਤੇ ਹੋਵੇਗਾ ਪਰ ਇਸ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਚੋਣ ਪ੍ਰਤੀ ਜ਼ਿਲ੍ਹਾ ਤਿੰਨ ਵਿਦਿਆਰਥੀਆਂ ਦਾ ਚੋਣ ਜ਼ਿਲ੍ਹਾ ਪੱਧਰ ਤੇ ਹੀ ਕੀਤੀ ਜਾਵੇਗੀ।

2.3 ਇਸ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਨਾਂ ਸਕੱਤਰੇਤ, ਲੋਕ ਸਭਾ ਨੂੰ ਭੇਜੇ ਜਾਣਗੇ ਅਤੇ ਉਸ ਵਿੱਚੋਂ ਸਾਰੇ ਰਾਜਾਂ/ਕੇਂਦਰੀ ਪ੍ਰਸ਼ਾਸਿਤ ਰਾਜਾਂ ਵੱਲੋਂ ਪ੍ਰਾਪਤ ਆਈਆਂ ਐਂਟਰੀਆਂ ਵਿੱਚ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪਾਰਲੀਮੈਂਟ ਆਫ਼ ਇੰਡੀਆ ਲੋਕ ਸਭਾ, ਸਕੱਤਰੇਤ ਪਾਰਲੀਮੈਂਟ ਹਾਊਸ, ਨਵੀਂ ਦਿੱਲੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

3.0 ਇਸ ਵਿੱਚ ਕਿਸੇ ਵੀ ਸਕੂਲ ਦਾ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦਾ ਵਿਦਿਆਰਥੀ ਹਿੱਸਾ ਲੈ ਸਕਦਾ ਹੈ।

4.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਲੇਖ ਕਿਸੇ ਵੀ ਭਾਸ਼ਾ, ਅੰਗਰੇਜ਼ੀ, ਹਿੰਦੀ ਜਾਂ ਰੀਜਨਲ ਭਾਸ਼ਾ/ਪੰਜਾਬੀ ਵਿੱਚ ਹੋ ਸਕਦਾ ਹੈ।

ਚਲਦਾ ਪੰਨਾ..........

5.0 ਲੇਖ ਸਾਫ਼ ਸੁਥਰੀ ਲਿਖਾਈ ਵਿੱਚ **A-4** ਇੱਕ ਲਾਈਨ ਵਾਲੇ **(8.5$^{11}$×11)** ਸਾਈਜ ਵਾਲੇ ਪੇਪਰ ਦੇ ਇੱਕ ਪਾਸੇ ਵਿੱਚ ਡਬਲ ਸਪੇਸ ਦੇ ਕੇ ਲਿਖਿਆ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਸ਼ਬਦਾਂ ਦੀ ਗਿਣਤੀ 1500 ਤੋਂ ਵੱਧ ਨਹੀਂ ਹੋਣੀ ਚਾਹੀਦੀ।

6.0 ਲੇਖ ਦੇ ਮੁਲਾਂਕਣ ਵੇਲੇ ਲੇਖ ਵਿਸ਼ੇ ਪ੍ਰਤੀ **research, accuracy, creativity, conciseness, organisation, spelling** ਅਤੇ ਵਿਆਕਰਣ ਵੱਲ ਖਾਸ ਧਿਆਨ ਦਿੱਤਾ ਜਾਵੇਗਾ।

7.0 ਸਾਰੀਆਂ ਇਨਾਮ ਜੇਤੂ ਐਂਟਰੀਆਂ ਲੋਕ ਸਭਾ ਸਕੱਤਰੇਤ ਦੀ ਜਾਇਦਾਦ ਬਣਗੀਆਂ।

8.0 ਇੱਕ ਵਿਦਿਆਰਥੀ ਸਿਰਫ਼ ਇੱਕ ਹੀ ਭਾਸ਼ਾ ਵਿੱਚ ਹਿੱਸਾ ਲੈ ਸਕਦਾ ਹੈ।

9.0 ਲੋਕ ਸਭਾ ਅਤੇ ਰਾਜ ਸਭਾ ਵਿੱਚ ਕੰਮ ਕਰਨ ਵਾਲੇ ਮਾਪਿਆਂ ਦੇ ਵਿਦਿਆਰਥੀ ਇਸ ਵਿੱਚ ਹਿੱਸਾ ਨਹੀਂ ਲੈ ਸਕਦੇ।

10.0 ਰਾਜ ਪੱਧਰ ਤੇ ਮੁਕਾਬਲਾ ਕਰਵਾਉਣ ਲਈ ਵਿਦਿਆਰਥੀਆਂ ਦੀ ਚੋਣ ਲਈ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੀ ਦੇਖ-ਰੇਖ ਵਿੱਚ ਹਰ ਸਕੂਲ ਵਿੱਚੋਂ ਇੱਕ ਉੱਤਮ ਵਿਦਿਆਰਥੀ ਦੀ (ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਵਿੱਚੋਂ ਇੱਕ ਐਂਟਰੀ ਲੈ ਕੇ), ਚੁਣਕੇ ਜ਼ਿਲ੍ਹਾ ਪੱਧਰ ਤੇ ਮਿਤੀ 15-12-2011 ਨੂੰ ਮੁਕਾਬਲਾ ਕਰਵਾ ਕੇ ਰਾਜ ਪੱਧਰ ਤੇ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਪ੍ਰਤੀ ਜ਼ਿਲ੍ਹਾ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ 17-12-2011 ਤੱਕ ਭੇਜ ਦਿੱਤਾ ਜਾਵੇ ਤਾਂ ਜੋ ਇਨ੍ਹਾਂ ਦਾ ਰਾਜ ਪੱਧਰੀ ਮੁਕਾਬਲਾ ਕਿਸੇ ਨਿਸ਼ਚਿਤ ਦਿਨ, ਨਿਸ਼ਚਿਤ ਸਥਾਨ ਤੇ ਕਰਵਾਇਆ ਜਾ ਸਕੇ ਅਤੇ ਰਾਜ ਪੱਧਰ ਤੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ, ਪਾਰਲੀਮੈਂਟ ਹਾਊਸ ਨਵੀਂ ਦਿੱਲੀ ਭੇਜ ਦਿੱਤੇ ਜਾਣਗੇ।

11.0 ਉਕਤ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਪੱਧਰ ਤੇ ਚੋਣ ਕਰਨ ਲਈ ਕਰਵਾਏ ਜਾਣ ਵਾਲੇ ਮੁਕਾਬਲੇ ਅਤੇ ਰਾਜ ਪੱਧਰ ਤੇ ਕਰਵਾਏ ਜਾਣ ਵਾਲੇ ਮੁਕਾਬਲੇ ਵਿੱਚ ਭਾਗ ਲੈਣ ਦਾ ਖਰਚਾ ਆਪਣੇ ਪੱਧਰ ਤੇ ਕਰਨਾ ਹੋਵੇਗਾ। ਇਸ ਸਬੰਧੀ ਕੋਈ ਆਉਣ ਜਾਣ ਦਾ ਖਰਚਾ ਜਾਂ ਰੋਟੀ ਪਾਣੀ ਦਾ ਕੋਈ ਖਰਚਾ ਨਹੀਂ ਦਿੱਤਾ ਜਾਵੇਗਾ।

12.0 ਉਕਤ ਸਬੰਧੀ ਭਰੇ ਜਾਣ ਵਾਲੇ ਪ੍ਰੋਫਾਰਮੇ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

ਨੱਥੀ/ਪ੍ਰੋਫਾਰਮੇ ਦੀ ਕਾਪੀ

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

## PARLIAMENT OF INDIA
## LOK SABHA SECRETARIAT

**APPLICATION FOR PARTICIPATION IN ESSAY COMPETITION FOR SCHOOL CHILDREN (Class IX to XII)**

(i) Name of the School :

(ii) Name of the Student :

(a) Gender : ________M/F (b) Roll No. ________

(iii) Class :

(iv) Name of Parents :

(v) Address, Tel. No., e-mail of Parents :

(vi) Name of the Principal :

(vii) Address, Tel. No., e-mail of the School :

(viii) Address, Tel. No., e-mail of the Student :

(ix) Are any of the parents employed by Lok Sabha or Rajya Sabha Secretariats?: Yes/No

Photograph of Student, duly attested by the Principal

Signature of the Student

**CERTIFIED BY THE SCHOOL/INSTITUTION**

Mr/Ms ______________________ is a *bona fide* student of Class ____ of the ______________________ School and the information furnished by the applicant is correct.

**Place:**
**Dated:**

**Name of the Principal**
**Signature and Stamp**